ਜਮਾਤ ਦਸਵੀਂ

ਨਾਵਲ:ਇੱਕ ਹੋਰ ਨਵਾਂ ਸਾਲ

ਪ੍ਰਸੰਗ ਸਹਿਤ ਵਿਆਖਿਆ : ਸਵੇਰ ਭਾਗ

1."ਭਲੀਏ ਲੋਕੇ,ਜਿਹੜੀ ਚਾਹ ਵੱਡੇ ਲੋਕ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ , ਉਹ ਹੁੰਦੀ ਐ ਬੈਂਡ ਟੀ। ਚੱਲ ਉੱਠ ਪਿਆ ਦੇ ਸਾਨੂੰ ਵੀ ਬੈਡ ਟੀ।"

ਪ੍ਰਸੰਗ:ਇਹ ਸ਼ਬਦ ਨਰਿੰਜਨ ਤਸਨੀਮ ਦੇ ਲਿਖੇ ਨਾਵਲ ਇੱਕ ਹੋਰ ਨਵਾਂ ਸਾਲ ਦੇ ਸਵੇਰ ਭਾਗ ਵਿੱਚੋਂ ਲਿਆ ਗਿਆ ਹੈ।ਇਹ ਸ਼ਬਦ ਬੰਤਾ ਆਪਣੀ ਪਤਨੀ ਤਾਰੋ ਨੂੰ ਕਹਿੰਦਾ ਹੈ ਜਦੋਂ ਉਹ ਬੈੱਡ ਟੀ ਦਾ ਮਤਲਬ ਪੁੱਛਦੀ ਹੈ ।

ਵਿਆਖਿਆ: ਸਵੇਰੇ ਠੰਢ ਹੋਣ ਕਰਕੇ ਬੰਤਾ ਰਜਾਈ ਵਿੱਚ ਹੀ ਚਾਹ ਪੀਣੀ ਚਾਹੁੰਦਾ ਹੈ।ਆਪਣੀ ਪਤਨੀ ਤੋਂ ਬੈੱਡ ਟੀ ਮੰਗਦਾ ਹੈ ਪਰ ਉਹ ਉਸਨੂੰ ਮੂੰਹ ਹੱਥ ਧੋਣ ਲਈ ਕਹਿੰਦੀ ਹੈ ਨਾਲੇ ਬੈਂਡ ਟੀ ਦਾ ਮਤਲਬ ਪੁੱਛਦੀ ਹੈ । ਬੰਤਾ ਦੱਸਦਾ ਹੈ ਕਿ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਜਿਹੜੀ ਚਾਹ ਪੀਂਦੇ ਹਨ ਉਹ ਬੈੱਡ ਟੀ ਹੁੰਦੀ ਹੈ ।ਉਹ ਆਪਣੀ ਪਤਨੀ ਨੂੰ ਬੈੱਡ ਟੀ ਲਿਆ ਕੇ ਦੇਣ ਲਈ ਕਹਿੰਦਾ ਹੈ।

2."ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ ....ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ ਮਿੰਦਰ ਦੀ ਝਾਈ।"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ । ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ । ਨਾਵਲ ਦੇ ਭਾਗ ਸਵੇਰ ਵਿੱਚ ਬੰਤੇ ਦੇ ਰਿਕਸ਼ੇ ਉੱਤੇ ਬੈਠਾ ਆਦਮੀ ਆਪਣੀ ਪਤਨੀ ਨਾਲ ਗੱਲ ਕਰਦਿਆਂ ਉਦੋਂ ਕਹਿ ਰਿਹਾ ਜਦੋਂ ਉਹ ਉਸ ਨੂੰ ਹਾਲ ਬਜ਼ਾਰੋਂ ਸਸਤਾ ਕੋਟ ਖਰੀਦਣ ਦੀ ਸਲਾਹ ਦਿੰਦੀ ਹੈ।

ਵਿਆਖਿਆ:ਬੰਤੇ ਦੇ ਰਿਕਸ਼ੇ ਉੱਤੇ ਬੈਠਾ ਆਦਮੀ ਆਪਣੀ ਪਤਨੀ ਨੂੰ ਕਹਿ ਰਿਹਾ ਸੀ ਕਿ ਹਾਲ ਬਜ਼ਾਰੋਂ ਮਿਲਣ ਵਾਲੇ ਸਸਤੇ ਕੱਪੜੇ ਅਮੀਰ ਦੇਸ਼ ਦੇ ਲੋਕਾਂ ਦੇ ਲਾਹ ਕੇ ਸੁੱਟੇ ਹੁੰਦੇ ਹਨ। ਪਤਨੀ ਆਖਦੀ ਹੈ ਕਿ ਸਾਡਾ ਦੇਸ਼ ਵੀ ਅਮੀਰ ਹੈ । ਉਸਦਾ ਪਤੀ ਸਮਝਾਉਂਦਾ ਹੈ ਕਿ ਅਸੀਂ ਅਮੀਰ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਦੇ । ਅਸੀਂ ਉਹਨਾਂ ਦੇਸ਼ਾਂ ਦੇ ਮੁਕਾਬਲੇ ਬੜੇ ਪਿੱਛੇ ਹਾਂ ।

3."ਆਪਾਂ ਵੀ ਆਪਣੀਆਂ ਦੋਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣਾ ਜਿੰਨਾ ਕਿ ਫੁੰਮਣ ਨੂੰ ।"

ਪ੍ਰਸੰਗ:ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ । ਨਾਵਲ ਦੇ ਭਾਗ ਸਵੇਰ ਵਿੱਚ ਬੰਤਾ ਆਪਣੇ ਬੱਚਿਆਂ ਦੀ ਪੜ੍ਹਾਈ ਬਾਰੇ ਸੋਚਦਾ ਹੋਇਆ ਆਪਣੇ ਆਪ ਨੂੰ ਕਹਿੰਦਾ ਹੈ ।ਉਹ ਆਪਣੀਆਂ ਦੋਹਾਂ ਧੀਆਂ ਨੂੰ ਵੀ ਆਪਣੇ ਪੁੱਤਰ ਜਿੰਨਾ ਹੀ ਪੜ੍ਹਾਉਣਾ ਚਾਹੁੰਦਾ ਹੈ ।

ਵਿਆਖਿਆ: ਰਿਕਸ਼ਾ ਚਾਲਕ ਬੰਤਾ ਆਪਣੇ ਬੱਚਿਆਂ ਦੀ ਪੜ੍ਹਾਈ ਬਾਰੇ ਸੋਚਦਾ ਹੋਇਆ ਫੈਸਲਾ ਕਰਦਾ ਹੈ ਕਿ ਉਹ ਆਪਣੀਆਂ ਦੋਵਾਂ ਧੀਆਂ ਨੂੰ ਵੀ ਆਪਣੇ ਪੁੱਤਰ ਫੁੰਮਣ ਜਿੰਨਾ ਹੀ ਪੜ੍ਹਾਵੇਗਾ ਉਹ ਸੋਚਦਾ ਹੈ ਕਿ ਧੀਆਂ ਨੂੰ ਦਾਜ ਨਾਲੋਂ ਜ਼ਰੂਰੀ ਪੜ੍ਹਾਉਣਾ ਹੈ ।

4."ਕਿਵੇਂ ਨਾ ਲੱਭੂ........ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲਾ ਕੇ ।"

ਪ੍ਰਸੰਗ:ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ । ਨਾਵਲ ਦੇ ਭਾਗ ਸਵੇਰ ਵਿੱਚ ਇਹ ਵਾਕ ਬੰਤੇ ਦੇ ਰਿਕਸ਼ੇ ਉੱਤੇ ਬੈਠਾ ਆਦਮੀ ਆਪਣੀ ਪਤਨੀ ਨੂੰ ਕਹਿ ਰਿਹਾ ਹੈ । ਉਹਨਾਂਦੇ ਪੰਜ ਕੁੜੀਆਂ ਤੋਂ ਬਾਅਦ ਮੁੰਡਾ ਹੋਇਆ ਸੀ ਤੇ ਉਹ ਮੁੰਡੇ ਨੂੰ ਮੱਥਾ ਟਿਕਾਉਣ ਗੁਰਦੁਆਰੇ ਗਏ ਸੀ।

ਵਿਆਖਿਆ:ਬੰਤੇ ਦੇ ਰਿਕਸ਼ੇ 'ਤੇ ਗੁਰਦੁਆਰੇ ਤੋਂ ਵਾਪਸ ਆਉਂਦਿਆਂ ਇੱਕ ਔਰਤ ਆਪਣੇ ਪਤੀ ਨੂੰ ਆਪਣੀ ਬੇਟੀ ਸਵਰਨੀ ਲਈ ਆਏ ਰਿਸ਼ਤੇ ਦੀ ਗੱਲ ਕਰਦੀ ਹੈ ਪਰ ਕੁੜੀ ਦਾ ਪਿਓ ਅਜੇ ਚਾਰ ਪੰਜ ਸਾਲ ਬਾਅਦ ਕੁੜੀ ਦਾ ਵਿਆਹ ਕਰਨਾ ਚਾਹੁੰਦਾ ਹੈ ।ਅਜੇ ਕੁੜੀ ਦੀ ਪੜ੍ਹਨ ਦੀ ਉਮਰ ਹੈ ।ਮਾਂ ਸੋਚਦੀ ਹੈ ਕਿ ਚੰਗੇ ਰਿਸ਼ਤੇ ਨਹੀਂ ਲੱਭਦੇ ਪਰ ਪਿਓ ਕਹਿੰਦਾ ਹੈ ਕਿ ਚੰਗਾ ਰਿਸ਼ਤਾ ਕਿਉਂ ਨਾ ਲੱਭੇਗਾ।ਅਜੇ ਕੁੜੀ ਨੂੰ ਪੜ੍ਹਨ ਦੇਣਾ ਚਾਹੀਦਾ ਹੈ, ਦਿਲ ਲਾ ਕੇ ।

5." ਇਹਨਾਂ ਛੂਛੜੀਆਂ ਨਾਲ ਸਾਡਾ ਕੀ ਬਣਨਾ ਐ? ਪਿੰਡ ਚੱਲ ਕੇ ਪੀਆਂਗੇ ਬਾਟੇ ਵਿੱਚ ।"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ।ਨਾਵਲ ਦੇ ਭਾਗ ਸਵੇਰ ਵਿੱਚ ਬੰਤਾ ਆਪਣੇ ਆਪ ਨੂੰ ਹੀ ਕਹਿੰਦਾ ਹੈ ਜਦੋਂ ਸਵਾਰੀਆਂ ਢੋਹਦਿਆਂ ਉਹਨੂੰ ਤੇਹ ਲੱਗੀ ਸੀ ਤੇ ਉਹ ਰਹੁ ਦਾ ਗਲਾਸ ਪੀਣ ਲੱਗਦਾ ਹੈ ।

ਵਿਆਖਿਆ: ਬੰਤਾ ਗੰਨੇ ਦੇ ਰਸ ਦਾ ਗਲਾਸ ਪੀਣਾ ਚਾਹੁੰਦਾ ਹੈ । ਉਹ ਸੋਚਦਾ ਹੈ ਕਿ ਇਸ ਛੋਟੇ ਗਲਾਸ ਨਾਲ ਉਸ ਦਾ ਕੁਝ ਨਹੀਂ ਬਣਨਾ।ਉਹ ਪਿੰਡ ਜਾ ਕੇ ਬਾਟੇ ਨਾਲ ਰਹੁ ਪੀਣਾ ਚਾਹੁੰਦਾ ਹੈ ।

6."ਪਰ ਭੈਣ ਵਿਆਹ ਤਾਂ ਹਾਲੀ ਦੋ ਸਾਲ ਠਹਿਰ ਕੇ ਈ ਕਰਨਾ ਏ ਪੜ੍ਹਦੀ ਰਹਿਣ ਦੇ ਸੁ- ਕਾਲਜੋਂ ਕਾਹਨੂੰ ਉਠਾਲਣਾ ਹੋਇਆ?"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ਨਾਵਲ ਦੇ ਭਾਗ ਸਵੇਰ ਵਿੱਚ ਇਹ ਗੱਲਬਾਤ ਮਹੇਸ਼ੀ ਦੀ ਮਾਂ ਤੇ ਵਿਚੋਲਣ ਲਾਜੋ ਵਿਚਕਾਰ ਹੁੰਦੀ ਹੈ ।ਉਹ ਦੋਵੇਂ ਬੰਤੇ ਦੇ ਰਿਕਸ਼ੇ 'ਤੇ ਜਾਂਦਿਆਂ ਗੱਲਾਂ ਕਰਦੀਆਂ ਹਨ ।

ਵਿਆਖਿਆ:ਲਾਜੋ ਦੱਸਦੀ ਹੈ ਕਿ ਕੁੜੀ ਬੀ.ਏ.ਕਰਦੀ ਹੈ ।ਪਰ ਮਹੇਸ਼ੀ ਦੀ ਮਾਂ ਲਾਜੋ ਨੂੰ ਕਹਿੰਦੀ ਹੈ ਕਿ ਕੀ ਕਰਨਾ ਬੀ.ਏ.ਕਰਕੇ । ਉਹ ਵਿਆਹ ਜਲਦੀ ਕਰਨਾ ਚਾਹੁੰਦੀ ਹੈ ।ਪਰ ਲਾਜੋ ਉਸਨੂੰ ਸਮਝਾਉਂਦੀ ਹੈ ਕਿ ਵਿਆਹ ਅਜੇ ਦੋ ਸਾਲ ਠਹਿਰ ਕੇ ਕਰ ਲਿਓ। ਕੁੜੀ ਨੂੰ ਪੜ੍ਹਨ ਦੇਣਾ ਚਾਹੀਦਾ ਹੈ ।ਉਸ ਦੀ ਪੜ੍ਹਾਈ ਵਿੱਚੇ ਹੀ ਨਹੀਂ ਛੁਡਾਉਣੀ ਚਾਹੀਦੀ।

7."ਲਾਜੋ ਜੇ ਇਹ ਕੁੜੀ ਪਸੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏ, ਉਹਨੂੰ .......।"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ।ਨਾਵਲ ਦੇ ਭਾਗ ਸਵੇਰ ਵਿੱਚ ਇਹ ਗੱਲਬਾਤ ਮੁੰਡੇ ਦੀ ਮਾਂ ਤੇ ਵਿਚੋਲਣ ਲਾਜੋ ਵਿਚਕਾਰ ਹੁੰਦੀ ਹੈ ਜਦੋਂ ਉਹ ਦੋਵੇਂ ਬੰਤੇ ਦੇ ਰਿਕਸ਼ੇ 'ਤੇ ਬੈਠ ਕੇ ਕੁੜੀ ਵੇਖਣ ਜਾ ਰਹੀਆਂ ਸਨ ।

ਵਿਆਖਿਆ: ਮੁੰਡੇ ਦੀ ਮਾਂ ਵਿਚੋਲਣ ਲਾਜੋ ਨਾਲ ਕੁੜੀ ਵੇਖਣ ਜਾਂਦੀ ਹੈ ।ਲਾਜੋ ਵਿਚੋਲਣ ਦੱਸਦੀ ਹੈ ਕਿ ਕੁੜੀ ਬੀ .ਏ.ਵਿੱਚ ਪੜ੍ਹਦੀ ਹੈ ।ਪਰ ਮੁੰਡੇ ਦੀ ਮਾਂ ਕਹਿੰਦੀ ਹੈ ਕਿ ਜੇ ਉਸਨੂੰ ਕੁੜੀ ਪਸੰਦ ਆ ਗਈ ਤਾਂ ਉਸਨੇ ਅੱਜ ਹੀ ਕੁੜੀ ਨੂੰ ਮੁੰਦਰੀ ਪਾ ਕੇ ਰਿਸ਼ਤਾ ਪੱਕਾ ਕਰ ਦੇਣਾ ਹੈ ।

8. "ਇਹ ਵੀ ਕੋਈ ਨੁਕਸ ਏ? ਅੱਬਲ ਤਾਂ ਕਿਸੇ ਨੂੰ ਪਤਾ ਈ ਨਹੀਂ ਲੱਗਣਾ, ਨਹੀਂ ਤੇ ਉਹਨੂੰ ਕਹਾਂਗੇ, ਪਈ ਧੁੱਪ ਵਾਲੀ ਐਨਕ ਲਾ ਕੇ ਜਾਵੇ .......।"

ਪ੍ਰਸੰਗ:ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ।ਨਾਵਲ ਦੇ ਭਾਗ ਸਵੇਰ ਦੇ ਇਸ ਵਾਕ ਵਿੱਚ ਵਿਚੋਲਣ ਲਾਜੋ ਮੁੰਡੇ ਦੀ ਮਾਂ ਨੂੰ ਦੱਸਦੀਹੈ ਕਿ ਉਹਨਾਂ ਨੇ ਕੁੜੀ ਵਾਲਿਆਂ ਨੂੰ ਪਤਾ ਨਹੀਂ ਲੱਗਣ ਦੇਣਾ ਕਿ ਮੁੰਡੇ ਦੀ ਅੱਖ ਵਿੱਚ ਨੁਕਸ ਹੈ ।

ਵਿਆਖਿਆ: ਮਹੇਸ਼ੀ ਦੀ ਮਾਂ ਲਾਜੋ ਨੂੰ ਦੱਸਦੀ ਹੈ ਕਿ ਕੁੜੀ ਵਾਲੇ ਮੁੰਡੇ ਨੂੰ ਨਾ ਹੀ ਵੇਖਣ ਕਿਉਂਕਿ ਮੁੰਡਾ ਮਾੜਾ ਜਿਹਾ ਟੀਰਾ ਹੈ ।ਪਰ ਵਿਚੋਲਣ ਸਮਝਾਉਂਦੀ ਹੈ ਕਿ ਇਹ ਕਿਹੜਾ ਵੱਡਾ ਨੁਕਸ ਹੈ ।ਪਹਿਲੀ ਗੱਲ ਤਾਂ ਕੁੜੀ ਵਾਲਿਆਂ ਨੂੰ ਪਤਾ ਨਹੀਂ ਲੱਗਣਾ ।ਨਹੀਂ ਤਾਂ ਮੁੰਡੇ ਨੂੰ ਧੁੱਪ ਵਾਲੀਆਂ ਐਨਕਾਂ ਲਾ ਕੇ ਹੀ ਵਿਖਾਵਾਂਗੇ ਤਾਂ ਜੋ ਕੁੜੀ ਵਾਲਿਆਂ ਨੂੰ ਨੁਕਸ ਪਤਾ ਹੀ ਨਾ ਲੱਗੇ ।

9."ਪਰ ਪਤਾ ਨਹੀਂ ਕਈ ਬੰਦੇ ਗਰੀਬ ਦਾ ਹੱਕ ਕਿਉਂ ਮਾਰਦੇ ਐ? ਬਈ ਹੱਕ ਦੇ ਦਿਓ ਗਰੀਬ ਨੂੰ ਉਸਦਾ, ਫੇਰ ਕਾਹਦਾ ਰੇੜਕਾ ?"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ।ਇਹਗੱਲ ਬੰਤਾ ਖੁਦ ਨਾਲ ਹੀ ਕਰਦਾ ਹੈ ।ਉਹ ਸੋਚਦਾ ਹੈ ਕਿ ਜੇ ਗਰੀਬ ਬੰਦੇ ਨੂੰ ਉਸਦੀ ਮਿਹਨਤ ਦਾ ਸਹੀ ਮੁੱਲ ਮਿਲੇ ਤਾਂ ਫਿਰ ਕਾਹਦੀ ਲੜਾਈ ।

ਵਿਆਖਿਆ: ਰਿਕਸ਼ੇ 'ਤੇ ਸਵਾਰੀਆਂ ਢੋਹਦਿਆਂ ਕਈ ਸਵਾਰੀਆਂ ਬੰਤੇ ਨੂੰ ਆਪੇ ਹੀ ਉਸ ਦੀ ਮਿਹਨਤ ਦਾ ਮੁੱਲ ਦੇ ਜਾਂਦੀਆਂ ਹਨ ਪਰ ਕਈ ਸਵਾਰੀਆਂ ਘੱਟ ਪੈਸੇ ਦੇਣ ਦੀ ਜ਼ਿਦ ਕਰਦੀਆਂ ਹਨ ।ਉਹ ਸੋਚਦਾ ਹੈ ਕਿ ਕਈ ਬੰਦੇ ਗਰੀਬ ਦੀ ਮਿਹਨਤ ਦਾ ਪੂਰਾ ਹੱਕ ਕਿਉਂ ਨਹੀਂ ਦਿੰਦੇ ਜੇ ਸਾਰੇ ਹੀ ਗਰੀਬ ਦਾ ਹੱਕ ਦੇ ਦੇਣ ਤਾਂ ਫਿਰ ਕੋਈ ਲੜਾਈ ਤੇ ਚਿੰਤਾ ਹੀ ਨਹੀਂ ਹੋਵੇਗੀ ।

10."ਹੁਣ ਜੇ ਕੁਝ ਨਾ ਕੁਝ ਲਿਆਉਂਦੀ ਆਂ ਤਾਂ ਵੀ ਗੁਜ਼ਾਰਾ ਨਹੀਂ ਹੁੰਦਾ, ਜੇ ਬਿਲਕੁਲ ਈ ਕੁਝ ਨਾ ਆਇਆ, ਤਾਂ ਝੱਟ ਕਿਵੇਂ ਲੰਘੇਗਾ ?"

ਪ੍ਰਸੰਗ: ਇਹ ਸ਼ਬਦ ਇੱਕ ਹੋਰ ਨਵਾਂ ਸਾਲ ਨਾਵਲ ਵਿੱਚੋਂ ਲਏ ਗਏ ਹਨ ।ਜੋ ਕਿ ਨਰਿੰਜਨ ਤਸਨੀਮ ਦੁਆਰਾ ਲਿਖਿਆ ਗਿਆ ਹੈ ।ਨਾਵਲ ਦੇ ਭਾਗ ਸਵੇਰ ਵਿੱਚ ਬੰਤਾ ਇਹ ਸਭ ਆਪਣੀ ਪਤਨੀ ਬਾਰੇ ਸੋਚਦਾ ਹੈ।ਉਹ ਚਾਹੁੰਦਾ ਹੈ ਕਿ ਉਸਦੀ ਪਤਨੀ ਮਾਸਟਰ ਦੇ ਘਰ ਕੰਮ ਕਰਨ ਨਾ ਜਾਵੇ ਪਰ ਗਰੀਬੀ ਕਰਕੇ ਮਜਬੂਰ ਹੈ।

ਵਿਆਖਿਆ: ਰਿਕਸ਼ਾ ਚਾਲਕ ਬੰਤਾ ਆਪਣੀ ਪਤਨੀ ਨੂੰ ਮਾਸਟਰ ਦੇ ਘਰ ਕੰਮ ਕਰਨ ਜਾਣ ਤੋਂ ਰੋਕਦਾ ਹੈ ।ਪਰ ਉਸਦੀ ਪਤਨੀ ਤਾਰੋ ਕਹਿੰਦੀ ਹੈ ਕਿ ਕੰਮ ਕਰਨ ਨਾਲ ਘਰ ਕੁਝ ਆਉਂਦਾ ਹੀ ਹੈ ਪਰ ਗੁਜ਼ਾਰਾ ਤੇ ਫਿਰ ਵੀ ਨਹੀਂ ਹੁੰਦਾ ।ਪੈਸੇ ਦੀ ਕਮੀ ਤਾਂ ਫਿਰ

ਵੀ ਪੂਰੀ ਨਹੀਂ ਹੁੰਦੀ ।ਜੇ ਉਸ ਨੇ ਇਹ ਕੰਮ ਵੀ ਛੱਡ ਦਿੱਤਾ ਤਾਂ ਗੁਜ਼ਾਰਾ ਕਰਨਾ ਹੋਰ ਵੀ ਔਖਾ ਹੋ ਜਾਏਗਾ ।

ਗਗਨਦੀਪ ਕੌਰ

ਸ.ਹ.ਸਕੂਲ ਤੂਤ

ਤਰਨਤਾਰਨ